## ਗੁਰੂ ਨਾਨਕ - ਸਬਦ ੪੯

## ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥

## ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੭

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥
ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥
ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥
ਬਾਬਾ ਹੋਰ ਮਤਿ ਹੋਰ ਹੋਰ ॥
ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥
ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥
ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥
ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥
ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥
ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥
ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥
ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥
ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥
ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥

ਸਾਰ: ਜਦੋਂ ਅਸੀਂ ਵੈਰ ਭਾਵ ਦੀਆਂ ਭਾਵਨਾਵਾਂ ਤੋਂ ਮੁਕਤ ਨਹੀਂ ਹੁੰਦੇ ਤਾਂ ਦਵੰਦ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਅਸੀਂ ਕੂੜ ਨੂੰ ਵਧਾ ਨੁਕਸਾਨਦੇਹ ਨਤੀਜਿਆਂ ਨੂੰ ਸੱਦਾ ਦਿੰਦੇ ਹਾਂ। ਇਹ ਬੇਗੁਣੀਂ ਵਰਤਾਰਾ ਵੰਡ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਸਾਡੇ ਸਮੁੱਚੇ ਸਬੰਧਾਂ ਨੂੰ ਕਮਜ਼ੋਰ ਬਣਾਉਂਦਾ ਹੈ। ਇਸ ਕਾਰਣ ਧੋਖਾਧੜੀ ਕਾਇਮ ਰਹਿੰਦੀ ਹੈ। ਇਹ ਇੱਕ ਅਜਿਹਾ ਚੱਕਰਵਿਊ ਬਣਾਉਂਦੀ ਹੈ ਜਿਸ ਵਿੱਚ ਅਵਿਸ਼ਵਾਸ ਅਤੇ ਮਾਰੂਪੁਣਾ ਵਧਦਾ ਹੈ ਅਤੇ ਸਾਡੇ ਸਮੂਹਿਕ ਵਿਕਾਸ ਅਤੇ ਭਲੇ ਵਿੱਚ ਰੁਕਾਵਟ ਪੈਦਾ ਹੁੰਦੀ ਹੈ।

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥

ਸਵੈ-ਖੋਜ ਕਰਨ ਵਾਲੀ ਦੇਹ ਕੇਸਰ ਵਾਂਗ ਪਵਿੱਤਰ ਹੁੰਦੀ ਹੈ, ਸੱਚ ਬੋਲਣ ਵਾਲੀ ਜੀਭ ਗਹਿਣਿਆਂ ਵਾਂਗ ਕੀਮਤੀ ਹੁੰਦੀ ਹੈ, ਅਤੇ ਹਉਮੈ ਤੋਂ ਅਤੀਤ ਸਾਹ ਧੂਪ ਦੀ ਤਰ੍ਹਾਂ ਖੁਸ਼ਬੂ ਬਿਖੇਰਦਾ ਹੈ।

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥

ਨਿਮਰ ਆਚਰਣ ਦਾ ਮਹੱਤਵ ਅਠਾਹਠ ਪਵਿਤਰ ਤੀਰਥ ਸਥਾਨਾਂ ਦੇ ਤੁਲ ਹੁੰਦਾ ਹੈ, ਜਦੋਂ ਕਿ ਬਿਬੇਕਮਈ ਹਿਰਦਾ ਅਸਲ ਵਿਚ ਆਨੰਦ ਅਤੇ ਖੇੜੇ ਨੂੰ ਜਾਣਦਾ ਹੈ।

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥

ਉਹ ਸੂਝ ਪ੍ਰਸ਼ੰਸਾਯੋਗ ਹੁੰਦੀ ਹੈ ਜਿਸ ਵਿਚ ਸਵੈ-ਚਿੰਤਨ ਨੂੰ ਇੱਕ ਗੁਣ ਵਜੋਂ ਮਹੱਤਵ ਦਿੱਤਾ ਜਾਂਦਾ ਹੈ। (੧)

ਬਾਬਾ ਹੋਰ ਮਤਿ ਹੋਰ ਹੋਰ ॥

ਹੇ ਸਿਖਅਤ ਜਨ, ਉਹ ਗਿਆਨ ਜੋ ਏਕਤਾ ਤੋਂ ਇਲਾਵਾ ਕਿਸੇ ਹੋਰ ਚੀਜ਼ ਵੱਲ ਪ੍ਰੇਰਿਤ ਕਰੇ, ਮਨ ਨੂੰ ਭਟਕਾਉਂਦਾ ਹੈ।

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥

ਜਦੋਂ ਵੈਰ ਅਤੇ ਦਵੈਤ ਦਾ ਅਭਿਆਸ ਕੀਤਾ ਜਾਂਦਾ ਹੈ, ਤਾਂ ਉਹ ਝੂਠ ਦੇ  ਮਾਰੂ ਪਹਿਲੂਆਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ। (੧)(ਠਹਿਰਾਉ)

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥

ਸਮੁਚੀਆਂ ਦੁਨਿਆਵੀ ਇੱਛਾਵਾਂ ਲਈ ਅਧਿਆਤਮਿਕ ਰਹਿਬਰ ਦੁਆਰਾ ਰਸਮੀ ਪੂਜਾ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥

ਪ੍ਰਸਿੱਧ ਨਾਮ ਧਾਰਨ ਕਰ ਅਲੌਕਿਕ ਸ਼ਕਤੀਆਂ ਦੇ ਤੌਰ ਤੇ ਆਪਣਾ ਆਪ ਜਣਾਇਆ ਜਾ ਸਕਦਾ ਹੈ।

ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥

ਇੰਨੀਆਂ ਮਹਿਮਾਵਾਂ ਦੇ ਬਾਵਜੂਦ, ਜੇਕਰ ਚੇਤਨਾ, ਨੈਤਿਕ ਵਿਚੋਲਗੀ ਕਰਨ ਵਾਲੀ ਤਾਕਤ, ਕਿਸੇ ਦੇ ਕੰਮਾਂ ਨੂੰ ਸਵੀਕਾਰ ਨਹੀਂ ਕਰਦੀ, ਤਾਂ ਇਹ ਸਾਰੀਆਂ ਪ੍ਰਸ਼ੰਸਾਵਾਂ ਝੂਠੀਆਂ ਹਨ। (੨)

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥

ਜਿਨ੍ਹਾਂ ਨੇ ਸੱਚੇ ਬਿਬੇਕ ਦੀ ਪ੍ਰਾਪਤ ਕਰ ਲਈ ਹੈ ਜੋ ਹਨੇਰੇ ਤੋਂ ਰੌਸ਼ਨੀ ਵੱਲ ਲੈ ਜਾਂਦਾ ਹੈ, ਉਹਨਾਂ ਦੇ ਇਰਾਦੇ ਕਦੇ ਨਹੀਂ ਡੋਲਦੇ।

ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥

ਉਨ੍ਹਾਂ ਕੋਲ ਅਤਮ-ਪੜਚੋਲ ਦਾ ਖਜ਼ਾਨਾ ਹੈ ਜਿਸ ਰਾਹੀਂ ਚਿੰਤਨ ਦਾ ਗੁਣ ਪ੍ਰਗਟ ਹੁੰਦਾ ਹੈ।

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥

ਚਿੰਤਨ ਪ੍ਰਾਰਥਨਾ ਦਾ ਇੱਕ ਰੂਪ ਹੈ। ਆਤਮ-ਪੜਚੋਲ ਦੀ ਆਵਾਜ਼ ਨੂੰ ਸੁਣਿਆ ਜਾਣਾ ਚਾਹੀਦਾ ਹੈ। ਜੋ ਲੋਕ ਇਸ ਗੁਣ ਦਾ ਅਭਿਆਸ ਕਰਦੇ ਹਨ ਉਹ ਸਦੀਵੀ ਅਤੇ ਨੇਕ ਹਨ। (੩)

ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥

ਮੌਤ ਤੋਂ ਬਾਅਦ, ਜਦੋਂ ਸਰੀਰ ਮਿੱਟੀ ਬਣ ਮਿੱਟੀ ਵਿੱਚ ਮਿਲ ਜਾਂਦਾ ਹੈ, ਤਾਂ ਓਦੋਂ ਮਨ ਦਾ ਕੀ ਹੁੰਦਾ ਹੈ?

ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥

ਜਦੋਂ ਅਸੀਂ ਮੌਤ ਦੀ ਗਲਵਕੜੀ ਵਿਚ ਜਾਂਦੇ ਹਾਂ ਤਾਂ ਸਾਡੀਆਂ ਸਾਰੀਆਂ ਦੁਨਿਆਵੀ ਪ੍ਰਾਪਤੀਆਂ ਪਿਛੇ ਰਹਿ ਜਾਂਦੀਆਂ ਹਨ, ਸਾਡੇ ਕੋਲ ਬੀਤੇ ਖੁੰਝ ਚੁਕੇ ਪਲਾਂ ਦਾ ਦੁਖ ਹੀ ਰਹਿ ਜਾਂਦਾ ਹੈ।

ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥

ਨਾਨਕ ਕਹਿੰਦੇ ਹਨ, ਸਵੈ-ਚਿੰਤਨ ਦੇ ਅਭਿਆਸ ਨੂੰ ਭੁੱਲ ਜਾਣ ਤੋਂ ਬਾਅਦ, ਜਦੋਂ ਕੋਈ ਆਪਣੀ ਚੇਤਨਾ ਅੰਦਰ ਝਾਤ ਮਾਰੇਗਾ ਤਾਂ ਕੀ ਹੋਵੇਗਾ? (੪)(੮)

ਤੱਤ: ਗੁਰੂ ਨਾਨਕ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਸਵੈ ਨੂੰ ਸਮਝਣ ਅਤੇ ਚੇਤਨਾ ਵਿਚ ਡੂੰਘਾ ਉਤਰਨ ਲਈ ਸਵੈ-ਚਿੰਤਨ ਬਹੁਤ ਜ਼ਰੂਰੀ ਹੈ। ਸਵੈ-ਖੋਜ ਵਿੱਚ ਲੱਗੀ ਦੇਹੀ ਪਵਿੱਤਰਤਾ ਨੂੰ ਪ੍ਰਕਾਸ਼ਮਾਨ ਕਰਦੀ ਹੈ, ਜੋ ਕਿ ਕੇਸਰ ਦੇ ਰੰਗ ਵਾਂਗੂੰ ਖਿੜ੍ਹਦੀ ਹੈ। ਨੇਕ ਅਤੇ ਦਿਆਨਤਦਾਰੀ ਵਾਲੇ ਬੋਲ ਅਮੋਲ ਖਜ਼ਾਨਾ ਹੋ ਨਿਬੜਦੇ ਹਨ, ਹਉਮੈ ਤੋਂ ਅਤੀਤ ਸਾਹ ਧੂਪ ਦੀ ਤਰ੍ਹਾਂ ਮਹਿਕਾਉਂਦੇ ਹਨ ਅਤੇ ਸ਼ਾਂਤੀ ਨੂੰ ਸੱਦਾ ਦਿੰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**